(7) 2026127040
21/10/2026

# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਐਸ.ਏ.ਐਸ.ਨਗਰ, ਮੋਹਾਲੀ

ਈਮੇਲ: directorscert@punjabeducation.gov.in, ਫੋਨ ਨੰ: 0172-2212221

---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),

ਪੰਜਾਬ।

ਮੀਮੋ ਨੰ. 530/2026/2026 ਮਿਤੀ: 08.10.2026

ਵਿਸ਼ਾ: ਪੰਜਾਬ ਦੇ ਜ਼ਿਲ੍ਹਿਆਂ ਵਿੱਚ District Career Counselling Committee ਅਤੇ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ School Career Guidance Committee ਦੇ ਗਠਨ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਣਯੋਗ ਹੈ ਕਿ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਪੱਧਰ ਦੇ ਵਿਦਿਆਰਥੀਆਂ ਨੂੰ ਆਪਣੀ ਰੁਚੀ, ਯੋਗਤਾ ਅਤੇ ਸਮਰੱਥਾ ਅਨੁਸਾਰ ਸਹੀ ਸਟ੍ਰੀਮ ਅਤੇ ਕੈਰੀਅਰ ਦੀ ਚੋਣ ਕਰਨ ਵਿੱਚ ਕਈ ਵਾਰ ਮੁਸ਼ਕਿਲ ਆਉਂਦੀ ਹੈ। ਇਸ ਲਈ ਵਿਦਿਆਰਥੀਆਂ ਨੂੰ ਸਹੀ ਕੈਰੀਅਰ ਸਬੰਧੀ ਮਾਰਗਦਰਸ਼ਨ ਦੇਣ ਲਈ ਇੱਕ ਵਿਵਸਥਿਤ Career Counselling Programme ਦੀ ਲੋੜ ਮਹਿਸੂਸ ਹੋਈ।

2.0 ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਦਫਤਰ SCERT, ਰਾਹੀਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ Career Counselling Programme ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਤਹਿਤ ਅਧਿਆਪਕਾਂ ਨੂੰ ਕੈਰੀਅਰ ਕਾਊਂਸਲਿੰਗ ਸਬੰਧੀ ਸਿਖਲਾਈ ਦੇਣ ਅਤੇ ਵਿਦਿਆਰਥੀਆਂ ਲਈ Career Counselling Portal ਇੱਕ ਏਜੰਸੀ ਦੇ ਸਹਿਯੋਗ ਨਾਲ ਤਿਆਰ ਕਿਤਾ ਗਿਆ ਹੈ। ਇਸ ਪੋਰਟਲ ਰਾਹੀਂ ਵਿਦਿਆਰਥੀਆਂ ਦੀ Psychometric Assessment ਕੀਤੀ ਜਾਵੇਗੀ ਅਤੇ ਉਨ੍ਹਾਂ ਦੀ ਰੁਚੀ ਤੇ ਯੋਗਤਾ ਦੇ ਆਧਾਰ 'ਤੇ ਸਹੀ ਸਟ੍ਰੀਮ ਅਤੇ ਕੈਰੀਅਰ ਦੀ ਚੋਣ ਲਈ ਮਾਰਗਦਰਸ਼ਨ ਦਿੱਤਾ ਜਾਵੇਗਾ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਬਿਹਤਰ ਅਤੇ ਨਿਰੰਤਰ ਕੈਰੀਅਰ ਮਾਰਗਦਰਸ਼ਨ ਪ੍ਰਦਾਨ ਕਰਨਾ ਹੈ।

3.0 ਇਸ ਪ੍ਰੋਗਰਾਮ ਨੂੰ ਜ਼ਿਲ੍ਹਾ ਅਤੇ ਸਕੂਲ ਪੱਧਰ 'ਤੇ ਸੁਚੱਜੇ ਢੰਗ ਨਾਲ ਲਾਗੂ ਕਰਨ ਲਈ ਹੇਠ ਲਿਖੀਆਂ ਕਮੇਟੀਆਂ ਦਾ ਗਠਨ ਕੀਤਾ ਜਾਣਾ ਹੈ:

**A. District Career Counselling Committee**

ਹਰੇਕ ਜ਼ਿਲ੍ਹੇ ਵਿੱਚ ਹੇਠ ਲਿਖੇ ਅਨੁਸਾਰ ਕਮੇਟੀ ਦਾ ਗਠਨ ਕੀਤਾ ਜਾਵੇ:-

| | ਮੈਂਬਰ | ਅਹੁਦਾ |
|---|---|---|
| I. | District Education Officer | Chairperson |
| II. | Principal, DIET | ਮੈਂਬਰ |
| III. | District Career Guidance and Counsellor | ਮੈਂਬਰ |
| IV. | Implementing Agency ਦਾ ਪ੍ਰਤੀਨਿਧੀ(KRP) | ਮੈਂਬਰ |
| V. | DEO ਵੱਲੋਂ ਨਾਮਜ਼ਦ ਦੋ ਸਕੂਲਾਂ ਦੇ Principals | ਮੈਂਬਰ |
| VI. | ਸਮਰੱਥ ਅਧਿਕਾਰੀ ਵੱਲੋਂ ਨਾਮਜ਼ਦ ਹੋਰ ਮੈਂਬਰ | ਮੈਂਬਰ |

Implementing Agency ਦੇ ਪ੍ਰਤੀਨਿਧੀ( KRP-Key Resource person) ਦੀ ਜਾਣਕਾਰੀ ਬਾਅਦ ਵਿੱਚ ਸਾਂਝੀ ਕੀਤੀ ਜਾਵੇਗੀ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ

ਪਿਠ ਅੰਕਣ ਨੰ ਜੀ-1/1 ( )2026/ 5082 ਮਿਤੀ: 09-10-26

ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

09/10/26

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ

**4.0 District Career Counselling Committee ਦੇ ਮੁੱਖ ਕੰਮ :**

1. ਜ਼ਿਲ੍ਹਾ ਪੱਧਰ ਤੇ ਕੈਰੀਅਰ ਕਾਊਂਸਲਿੰਗ ਪ੍ਰੋਗਰਾਮ ਦੇ ਨਿਰਧਾਰਤ ਫਰੇਮਵਰਕ ਅਨੁਸਾਰ ਲਾਗੂਕਰਨ ਦੀ ਨਿਗਰਾਨੀ ਕਰਨਾ।
2. ਪ੍ਰੋਗਰਾਮ ਦੀ ਪ੍ਰਗਤੀ ਅਤੇ ਕਾਰਗੁਜ਼ਾਰੀ ਦੀ ਨਿਯਮਿਤ ਸਮੀਖਿਆ ਅਤੇ ਤਸਦੀਕ ਕਰਨਾ।
3. ਨਿਰਧਾਰਤ ਸਮੇਂ ਅੰਦਰ ਟਾਰਗੇਟ ਕੀਤੇ ਵਿਦਿਆਰਥੀਆਂ ਦਾ ਸਾਈਕੋਮੈਟ੍ਰਿਕ ਮੁਲਾਂਕਣ ਪੂਰਾ ਕਰਵਾਉਣਾ।
4. ਜ਼ਿਲ੍ਹੇ ਦੀਆਂ ਵਿਸ਼ੇਸ਼ ਲੋੜਾਂ ਦੀ ਪਛਾਣ ਕਰਨਾ ਅਤੇ ਲੋੜੀਂਦੀ ਕਾਰਵਾਈ ਦੀ ਸਿਫ਼ਾਰਸ਼ ਕਰਨਾ।
5. ਏਜੰਸੀ ਵੱਲੋਂ ਪੇਸ਼ ਕੀਤੀ ਗਈ Capacity Building ਮੌਡਿਊਲਾਂ ਨੂੰ ਮਨਜ਼ੂਰੀ ਦੇਣਾ ਅਤੇ ਅਧਿਆਪਕ ਸਿਖਲਾਈ ਲਈ ਬੁਨਿਆਦੀ ਢਾਂਚਾ ਉਪਲਬਧ ਕਰਵਾਉਣਾ।
6. ਜਮਾਤ X ਅਤੇ XII ਨੂੰ ਤਰਜੀਹ ਦੇਣਾ: ਜਮਾਤ X ਦੇ ਵਿਦਿਆਰਥੀਆਂ ਲਈ ਸਟ੍ਰੀਮ ਦੀ ਚੋਣ ਤੋਂ ਪਹਿਲਾਂ ਅਤੇ ਜਮਾਤ XII ਦੇ ਵਿਦਿਆਰਥੀਆਂ ਲਈ ਸਕੂਲ ਤੋਂ ਬਾਅਦ ਦੀ ਸਿੱਖਿਆ/ਕੈਰੀਅਰ ਸਬੰਧੀ ਫੈਸਲੇ ਲੈਣ ਤੋਂ ਪਹਿਲਾਂ ਸਾਈਕੋਮੈਟ੍ਰਿਕ ਮੁਲਾਂਕਣ ਅਤੇ ਕਾਊਂਸਲਿੰਗ ਮੁਹਿੰਮਾਂ ਦਾ ਸਮਾਂ ਨਿਰਧਾਰਤ ਕਰਨਾ। ਜਮਾਤ X ਅਤੇ XII ਲਈ SCERT ਵੱਲੋਂ ਮਨਜ਼ੂਰਸ਼ੁਦਾ ਟੂਲਜ਼ ਦੀ ਵਰਤੋਂ ਯਕੀਨੀ ਬਣਾਉਣਾ ਅਤੇ ਨਤੀਜਿਆਂ ਦੀ ਵਿਆਖਿਆ ਕਾਊਂਸਲਿੰਗ ਰਾਹੀਂ ਕਰਵਾਉਂਦੇ ਹੋਏ ਕੇਂਦਰੀ ਪਲੇਟਫਾਰਮ ਤੇ ਰਿਕਾਰਡ ਕਰਨਾ।
7. ਜ਼ਿਲ੍ਹਾ ਪੱਧਰ 'ਤੇ ਕਾਊਂਸਲਿੰਗ ਸੈਸ਼ਨਾਂ ਲਈ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਉਪਲਬਧ ਕਰਵਾਉਣਾ।
8. ਸਕੂਲਾਂ, ਕਾਊਂਸਲਰਾਂ ਅਤੇ ਹੋਰ ਸਬੰਧਤ ਹਿੱਸੇਦਾਰਾਂ ਵਿਚਕਾਰ ਤਾਲਮੇਲ ਬਣਾਉਣ ਵਿੱਚ ਸਹਾਇਤਾ ਕਰਨਾ।
9. ਏਜੰਸੀ ਵੱਲੋਂ ਪੇਸ਼ ਕੀਤੀ monthly deliverables ਰਿਪੋਰਟ (ਰਿਪੋਰਟਿੰਗ ਪੈਰਾਮੀਟਰ Annexure-A ਵਿੱਚ ਦਰਸਾਏ ਗਏ ਹਨ) ਦੀ ਸਮੀਖਿਆ ਕਰਕੇ ਇਸਨੂੰ SCERT Office ਵਿੱਚ ਜਮਾਂ ਕਰਵਾਉਣਾ।
10. ਵਿਦਿਆਰਥੀਆਂ ਦੀ one to one ਕਾਊਂਸਲਿੰਗ ਲਈ ਨਿਰਧਾਰਤ ਸਥਾਨ, ਬੈਠਣ ਦੀ ਵਿਵਸਥਾ, ਨਿੱਜਤਾ ਅਤੇ ਡਿਜੀਟਲ ਟੂਲਜ਼ ਦੀ ਪਹੁੰਚ ਉਪਲਬਧ ਕਰਵਾਉਣਾ।
11. ਪੋਰਟਲ ਰਾਹੀਂ ਪ੍ਰਾਪਤ ਜ਼ਿਲ੍ਹਾ ਪੱਧਰੀ ਡਾਟਾ, ਜਿਵੇਂ ਕਿ ਵਿਦਿਆਰਥੀਆਂ ਦੀ ਭਾਗੀਦਾਰੀ, ਕਾਊਂਸਲਿੰਗ ਸੇਵਾਵਾਂ ਦੀ ਵਰਤੋਂ, ਮੁਲਾਂਕਣ ਦੀ ਪੂਰਤੀ ਅਤੇ ਸਟ੍ਰੀਮ ਚੋਣ ਦੇ ਰੁਝਾਨਾਂ ਦੀ ਸਮੀਖਿਆ ਕਰਨਾ।

5.0 District Career Counselling Committee ਦੀ ਘੱਟੋ-ਘੱਟ ਮਹੀਨੇ ਵਿੱਚ ਇੱਕ ਵਾਰ ਮੀਟਿੰਗ ਕੀਤੀ ਜਾਵੇ।ਹਰ ਮੀਟਿੰਗ ਦੀ Proceedings/Monthly Report ਮੀਟਿੰਗ ਤੋਂ ਇੱਕ ਹਫ਼ਤੇ ਦੇ ਅੰਦਰ ਹੇਠ ਲਿਖੇ ਈ-ਮੇਲ 'ਤੇ SCERT, ਪੰਜਾਬ ਨੂੰ ਭੇਜੀ ਜਾਵੇ: careercounselling.scertpb@gmail.com

6.0 District Committee ਦੇ ਗਠਨ ਸਬੰਧੀ ਸਮੂਹ District **Education Officers ਨੂੰ ਹਦਾਇਤ ਕੀਤੀ ਜਾਂਦੀ ਹੈ** ਕਿ ਉਹ ਆਪਣੇ-ਆਪਣੇ ਜ਼ਿਲ੍ਹਿਆਂ ਵਿੱਚ ਉਪਰੋਕਤ ਅਨੁਸਾਰ **District Career Counselling Committee ਦਾ** ਗਠਨ ਕਰਵਾਉਣ ਅਤੇ ਕਮੇਟੀ ਦੇ ਮੈਂਬਰਾਂ ਦੇ ਨਾਮ, ਅਹੁਦੇ ਅਤੇ **ਸੰਪਰਕ ਵੇਰਵੇ 12.10.2026 ਤੱਕ ਉਪਰੋਕਤ ਈ-ਮੇਲ** ਰਾਹੀਂ SCERT, ਪੰਜਾਬ ਨੂੰ ਭੇਜਣ ।

B. <u>School Career Guidance Committee</u>

7.0 ਇਸ ਦੇ ਨਾਲ ਹੀ, ਸਾਰੇ Government High ਅਤੇ **Senior Secondary Schools ਵਿੱਚ** School Career Guidance Committee ਦਾ ਗਠਨ ਕਰਨਾ ਵੀ ਯਕੀਨੀ **ਬਣਾਇਆ ਜਾਵੇ।**
School Career Guidance Committee ਦੀ ਰਚਨਾ ਹੇਠ **ਲਿਖੇ ਅਨੁਸਾਰ ਹੋਵੇਗੀ:**

| ਕ੍ਰਮ ਸੰਖਿਆ | ਮੈਂਬਰ |
|---|---|
| I. | Chairperson, School Management **Committee (SMC)** |
| II. | School Principal |
| III. | Career Counselling In-charge |
| IV | Career Guidance ਲਈ ਨਾਮਜ਼ਦ **Nodal Teachers** |
| V | SMC ਵੱਲੋਂ ਨਾਮਜ਼ਦ ਹੋਰ **ਮੈਂਬਰ** |

**8.0 School Career Guidance Committee ਦੇ ਮੁੱਖ ਕੰਮ :-**

1. ਨਿਰਧਾਰਤ ਫਰੇਮਵਰਕ ਅਨੁਸਾਰ ਕੈਰੀਅਰ ਗਾਈਡੈਂਸ ਸੈਸ਼ਨਾਂ ਦਾ ਸੰਚਾਲਨ ਸੁਚਾਰੂ ਰੂਪ ਵਿੱਚ ਯਕੀਨੀ ਬਣਾਉਣਾ।
2. ਵਿਦਿਆਰਥੀਆਂ ਦੀ ਕਾਊਂਸਲਿੰਗ ਸੇਵਾਵਾਂ ਵਿੱਚ ਭਾਗੀਦਾਰੀ ਲਈ ਸਹੂਲਤ ਪ੍ਰਦਾਨ ਕਰਨਾ।
3. ਜ਼ਿਲ੍ਹਾ ਪੱਧਰੀ ਅਤੇ Remote ਕਾਊਂਸਲਿੰਗ ਪ੍ਰਣਾਲੀਆਂ ਨਾਲ ਤਾਲਮੇਲ ਬਣਾਉਣ ਵਿੱਚ ਸਹਾਇਤਾ ਕਰਨਾ।
4. ਮਾਪਿਆਂ ਅਤੇ ਸਾਂਝੀਦਾਰਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨਾ।
5. ਕੈਰੀਅਰ ਗਾਈਡੈਂਸ ਨਾਲ ਸਬੰਧਤ ਗਤੀਵਿਧੀਆਂ ਅਤੇ ਵਿਦਿਆਰਥੀਆਂ ਦੀ ਭਾਗੀਦਾਰੀ ਦੇ ਰਿਕਾਰਡ ਸੰਭਾਲਣਾ।
6. ਮਨਜ਼ੂਰਸ਼ੁਦਾ ਸਾਲਾਨਾ ਗਤੀਵਿਧੀ ਕੈਲੰਡਰ ਦੇ ਆਧਾਰ ਤੇ ਜਮਾਤ IX ਤੋਂ XII ਲਈ ਸਕੂਲ ਕੈਲੰਡਰ ਤਿਆਰ ਕਰਕੇ ਪ੍ਰਦਰਸ਼ਿਤ ਕਰਨਾ ਅਤੇ ਹਰ ਜਮਾਤ ਲਈ ਪ੍ਰਤੀ ਮਹੀਨਾ ਘੱਟੋ-ਘੱਟ ਦੋ ਕਾਊਂਸਲਿੰਗ ਸੈਸ਼ਨ ਯਕੀਨੀ ਬਣਾਉਣਾ।
7. ਕੈਰੀਅਰ ਗਾਈਡੈਂਸ ਸੈਸ਼ਨਾਂ ਲਈ ਨਿਰਧਾਰਤ ਪੀਰੀਅਡ ਅਤੇ ਸਥਾਨ ਮੁਹੱਈਆ ਕਰਵਾਉਣਾ ਅਤੇ ਨੋਡਲ ਅਧਿਆਪਕ ਨੂੰ ਸਿਖਲਾਈ ਅਤੇ ਸੈਸ਼ਨਾਂ ਵਿੱਚ ਭਾਗ ਲੈਣ ਲਈ ਸਮੇਂ ਸਿਰ ਰਿਲੀਵ ਕਰਨਾ।
8. ਹਰੇਕ ਸੈਸ਼ਨ ਲਈ ਵਿਦਿਆਰਥੀਆਂ ਦੀ ਹਾਜ਼ਰੀ ਅਤੇ ਕਵਰੇਜ ਦਾ ਰਿਕਾਰਡ ਰੱਖਣਾ।
9. ਇਹ ਯਕੀਨੀ ਬਣਾਉਣਾ ਕਿ ਹਰ ਵਿਦਿਆਰਥੀ, ਖਾਸ ਕਰਕੇ ਜਮਾਤ X ਅਤੇ XII ਦੇ ਵਿਦਿਆਰਥੀਆਂ ਨੂੰ ਏਜੰਸੀ ਵੱਲੋਂ ਨਿਯੁਕਤ ਕਾਊਂਸਲਰ ਦੁਆਰਾ ਰਿਮੋਟ ਹੈਲਪਲਾਈਨ (ਸੋਮਵਾਰ ਤੋਂ ਸ਼ਨੀਵਾਰ, ਦੁਪਹਿਰ 2:00 ਵਜੇ ਤੋਂ ਸ਼ਾਮ 8:00 ਵਜੇ ਤੱਕ), ਮੈਸੇਜਿੰਗ ਅਤੇ ਚੈਟਬੋਟ ਚੈਨਲਾਂ ਅਤੇ ਹਫ਼ਤਾਵਾਰੀ ਜ਼ਿਲ੍ਹਾ ਪੱਧਰੀ ਵਿਅਕਤੀਗਤ ਕਾਊਂਸਲਿੰਗ ਸੈਸ਼ਨ ਬਾਰੇ ਜਾਣਕਾਰੀ ਪ੍ਰਦਾਨ ਕਰਨਾ।
10. ਹੈਲਪਲਾਈਨ ਨੰਬਰ, ਸੈਸ਼ਨਾਂ ਦਾ ਸ਼ਡਿਊਲ ਅਤੇ KRP ਦੇ ਸੰਪਰਕ ਵੇਰਵੇ ਸਕੂਲ ਵਿੱਚ ਪ੍ਰਮੁੱਖ ਅਤੇ ਦਿਖਾਈ ਦੇਣ ਵਾਲੀਆਂ ਥਾਵਾਂ 'ਤੇ ਪ੍ਰਦਰਸ਼ਿਤ ਕਰਨਾ ।
11. KRP ਦੇ ਸਹਿਯੋਗ ਨਾਲ ਜਮਾਤ X ਅਤੇ XII ਲਈ SCERT ਵੱਲੋਂ ਮਨਜ਼ੂਰਸ਼ੁਦਾ ਸਾਈਕੋਮੈਟ੍ਰਿਕ ਮੁਲਾਂਕਣ ਕਰਵਾਉਣ ਵਿੱਚ ਸਹਾਇਤਾ ਕਰਨਾ ਅਤੇ ਇਸ ਲਈ ਲੋੜੀਂਦੀ ਜਗ੍ਹਾ, ਡਿਜੀਟਲ ਟੂਲਜ਼ ਅਤੇ ਨਿਗਰਾਨੀ ਦੀ ਵਿਵਸਥਾ ਕਰਨਾ।
12. ਮਾਪਿਆਂ ਨੂੰ ਜਾਗਰੂਕ ਕਰਨ ਅਤੇ ਉਨ੍ਹਾਂ ਨੂੰ ਕਾਊਂਸਲਿੰਗ ਸੇਵਾਵਾਂ ਨਾਲ ਜੋੜਨ ਲਈ PTM ਅਤੇ ਕੈਰੀਅਰ ਗਾਈਡੈਂਸ ਹੈਲਪ ਡੈਸਕ ਦੀ ਵਰਤੋਂ ਕਰਨਾ।
13. ਸੈਸ਼ਨਾਂ, ਹਾਜ਼ਰੀ, ਸਾਈਕੋਮੈਟ੍ਰਿਕ ਮੁਲਾਂਕਣ, ਕਾਊਂਸਲਿੰਗ, exposure activities ਅਤੇ ਸਿਖਲਾਈ ਨਾਲ ਸਬੰਧਤ ਰਿਕਾਰਡ ਕੇਂਦਰੀ ਪਲੇਟਫਾਰਮ 'ਤੇ ਡਿਜੀਟਲ ਰੂਪ ਵਿੱਚ ਦਰਜ ਕਰਨਾ।

**9.0 School Career Guidance Committees ਦੇ ਗਠਨ ਲਈ DEOs ਨੂੰ ਹਦਾਇਤਾਂ :-**

1. ਸਮੂਹ District Education Officers ਆਪਣੇ ਪੱਧਰ ਤੇ ਜ਼ਿਲ੍ਹੇ ਅਧੀਨ ਆਉਂਦੇ ਸਾਰੇ Government High ਅਤੇ Senior Secondary Schools ਦੇ ਮੁਖੀਆਂ ਨੂੰ ਨੁਕਤਾ 8.0 ਅਨੁਸਾਰ ਤੁਰੰਤ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਅਤੇ ਉਪਰੋਕਤ ਰਚਨਾ ਅਨੁਸਾਰ School Career Guidance Committee ਦਾ ਗਠਨ ਕਰਵਾਉਣ। ਹਰੇਕ School Career Guidance Committee ਦੀ ਘੱਟੋ-ਘੱਟ ਮਹੀਨੇ ਵਿੱਚ ਇੱਕ ਵਾਰ ਮੀਟਿੰਗ ਕੀਤੀ ਜਾਵੇ। ਮੀਟਿੰਗ ਦੀ Proceedings/Report ਸਬੰਧਤ DEO ਦਫ਼ਤਰ ਨੂੰ ਮੀਟਿੰਗ ਤੋਂ ਇੱਕ ਹਫ਼ਤੇ ਦੇ ਅੰਦਰ ਭੇਜੀ ਜਾਵੇ।

2. ਸਾਰੇ ਸਕੂਲਾਂ ਵਿੱਚ School Career Guidance Committees ਦੇ ਗਠਨ ਤੋਂ ਬਾਅਦ, ਸਬੰਧਤ DEO ਵੱਲੋਂ School-wise Compliance Report ਤਿਆਰ ਕਰਕੇ 15.10.2026 ਤੱਕ ਹੇਠ ਲਿਖੇ ਈ-ਮੇਲ 'ਤੇ SCERT, ਪੰਜਾਬ ਨੂੰ ਭੇਜੀ ਜਾਵੇ: careercounselling.scertpb@gmail.com

3. ਉਪਰੋਕਤ ਹਦਾਇਤਾਂ ਦੀ ਪਾਲਣਾ ਕਰਦੇ ਹੋਏ District ਅਤੇ School Career Guidance Committees ਦਾ ਸਮੇਂ ਸਿਰ ਗਠਨ ਅਤੇ ਉਨ੍ਹਾਂ ਦੀ ਨਿਯਮਤ ਕਾਰਗੁਜ਼ਾਰੀ ਯਕੀਨੀ ਬਣਾਈ ਜਾਵੇ।

ਕਿਰਨ ਸ਼ਰਮਾ, ਪੀ.ਸੀ.ਐਸ
ਡਾਇਰੈਕਟਰ, ਐਸ.ਸੀ. ਈ.ਆਰ.ਟੀ.ਪੰਜਾਬ।

ਪਿੱਠ ਅੰਕਣ ਨੰ: [illegible]

ਮਿਤੀ- 03.10.2024

ਉਪਰੋਕਤ ਦਾ ਉਤਾਰਾ ਪੀ.ਏ. ਟੂ ਡਾਇਰੈਕਟਰ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ,
ਐਸ.ਸੀ.ਈ.ਆਰ.ਟੀ.ਪੰਜਾਬ।

## Annexure A

| | Parameters |
|---|---|
| 1 | District Counsellor Deployment |
| 2 | Remote Counselling Team |
| 3 | Helpline Operations |
| 4 | Call Handling Efficiency |
| 5 | Response Time from remote counselling team |
| 6 | In-Person Counselling (weekly model) |
| 7 | Designated Counselling Day |
| 8 | Psychometric Assessment |
| 9 | Teacher Training |
| 10 | Digital Platform Uptime |
| 11 | MIS Integration |
| 12 | Reporting Compliance |
| 13 | Data Logging & Case Records |